ਜ਼ਿੰਮੇਵਾਰ ਬਣੋ ਵੋਟਰ ਬਣੋ


# ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

**OFFICE OF THE**
**DISTRICT ELECTION OFFICER-CUM-DEPUTY COMMISSIONER, AMRITSAR**
(Old Blood Bank Near Ram Bagh Railway Phatak, Amritsar)
Phone No. 0183-2227118 Email - electeh.amritsar@gmail.com


ਪੱਤਰ ਨੰਬਰ ਚੋਣ-2017/ 3753 — ਮਿਤੀ : ਅੰਮ੍ਰਿਤਸਰ 24 ਜੁਲਾਈ, 2017

ਸੇਵਾ ਵਿਖੇ,

ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕੇ।

ਵਿਸ਼ਾ:- 18 ਤੋਂ 21 ਸਾਲ ਵਾਲੇ ਵੋਟਰਾਂ ਦੀ ਰਜਿਸਟ੍ਰੇਸ਼ਨ ਸਬੰਧੀ ਸਪੈਸ਼ਲ ਡਰਾਈਵ-ਸੈਕੰਡਰੀ ਸਕੂਲਾਂ/ਕਾਲਜਾਂ ਵਿੱਚ ਕੈਂਪ ਲਗਾ ਕੇ ਵੋਟਰਾਂ ਨੂੰ ਆਨਲਾਈਨ **(http://www.nvsp.in)** ਪੋਰਟਲ ਤੇ ਵੋਟਾਂ ਬਣਾਉਣ ਸਬੰਧੀ ਜਾਗਰੂਕ ਕਰਨ ਬਾਰੇ।

ਉਪਰੋਕਤ ਵਿਸ਼ੇ ਪੁਰ ਆਪ ਨੂੰ ਪਹਿਲਾਂ ਹੀ ਵੱਖ-ਵੱਖ ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ 18 ਤੋਂ 21 ਸਾਲ ਦੀ ਉਮਰ ਵਾਲੇ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਵਾਸਤੇ ਸੈਕੰਡਰੀ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਮੀਟਿੰਗਾਂ ਕੀਤੀਆਂ ਜਾਣ ਅਤੇ ਉਹਨਾ ਪਾਸੋਂ ਸਪੈਸ਼ਲ ਡਰਾਈਵ ਦਾ ਸਮਾਂ ਖਤਮ ਹੋਣ ਦੇ ਬਾਅਦ ਇਹ ਸਰਟੀਫਿਕੇਟ ਲਿਆ ਜਾਵੇ ਕਿ ਉਹਨਾ ਦੇ ਕਾਲਜ ਵਿੱਚ ਪੜਦੇ ਕਿਸੇ ਵੀ ਵਿੱਦਿਆਰਥੀ ਦੀ ਵੋਟ ਬਣਨ ਤੋਂ ਨਹੀਂ ਰਹੀ ਜਾਂ ਅਜਿਹਾ ਕੋਈ ਵਿੱਦਿਆਰਥੀ ਜਿਸ ਦੀ ਵੋਟ ਨਹੀਂ ਬਣੀ ਸੀ, ਪਾਸੋਂ ਫਾਰਮ ਨੰਬਰ 6 ਹਾਰਡ ਕਾਪੀ ਜਾਂ ਆਨਲਾਈਨ ਪੁਰ ਕਰਵਾ ਲਿਆ ਗਿਆ ਹੈ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਚੋਣ ਹਲਕੇ ਵਿੱਚ ਪੈਂਦੇ ਸੈਕੰਡਰੀ ਸਕੂਲ/ਕਾਲਜ (ਸਿੱਖਿਆ ਅਤੇ ਤਕਨੀਕੀ) ਵਿੱਚ ਮਿਤੀ 31.07.2017 ਤੋਂ ਪਹਿਲਾਂ ਵੱਧ ਤੋਂ ਵੱਧ ਕੈਂਪ ਲਗਾਏ ਜਾਣ ਜਿਸ ਵਿੱਚ ਵਿੱਦਿਆਰਥੀਆਂ ਨੂੰ ਵੋਟ ਬਣਾਉਣ ਸਬੰਧੀ ਆਨਲਾਈਨ ਵਿੱਧੀ (http://www.nvsp.in) ਪੋਰਟਲ ਰਾਹੀਂ ਵੋਟ ਬਣਾਉਣ, ਦਰੁਸਤੀ ਕਰਵਾਉਣ ਅਤੇ ਕੱਟਵਾਉਣ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਵੋਟਾਂ ਬਣਾਉਣ ਲਈ ਆਨਲਾਈਨ ਵਿੱਧੀ ਦਾ ਵੱਧ ਤੋਂ ਵੱਧ ਪ੍ਰਯੋਗ ਕਰਨ ਅਤੇ ਪੇਪਰ ਵਰਕ ਤੋਂ ਬਚਿਆ ਜਾ ਸਕੇ। ਆਪ ਵੱਲੋਂ ਵਿੱਦਿਆਰਥੀਆਂ ਦੇ ਇਸ ਸਬੰਧੀ ਜਾਗਰੂਕ ਕਰਨ ਵਾਸਤੇ ਜੋ ਵੀ ਕੈਂਪ ਲਗਾਏ ਜਾਣੇ ਹਨ ਉਹਨਾ ਦੀ ਪੂਰੀ ਕਵਰੇਜ ਕੀਤੀ ਜਾਵੇ। ਜਿਲ੍ਹਾ ਲੋਕ ਸੰਪਰਕ ਅਫ਼ਸਰ ਰਾਹੀਂ ਪ੍ਰਿੰਟ ਮੀਡੀਆ ਵਿੱਚ ਪ੍ਰੈਸ ਨੋਟ ਪ੍ਰਕਾਸ਼ਿਤ ਕੀਤਾ ਜਾਵੇ ਅਤੇ ਕਵਰੇਜ ਦੀਆਂ ਫੋਟੋਆਂ ਇਸ ਦਫ਼ਤਰ ਦੀ ਈਮੇਲ ਤੇ ਭੇਜਣੀਆਂ ਯਕੀਨੀ ਬਣਾਈਆ ਜਾਣ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ ਚੋਣ-2017/ 3754 — ਮਿਤੀ: ਅੰਮ੍ਰਿਤਸਰ: 24 ਜੁਲਾਈ 2017

ਇਸ ਦਾ ਇੱਕ ਉਤਾਰਾ:

1. ਪ੍ਰਿੰਸੀਪਲ ਸਮੂਹ ਕਾਲਜ (ਤਕਨੀਕੀ ਅਤੇ ਸਿੱਖਿਆ) ਜਿਲ੍ਹਾ ਅੰਮ੍ਰਿਤਸਰ ਅਤੇ
2. ਪ੍ਰਿੰਸੀਪਲ ਸਮੂਹ ਸੈਕੰਡਰੀ ਸਕੂਲ (ਰਾਹੀਂ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਅੰਮ੍ਰਿਤਸਰ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਸਕੂਲਾਂ/ਕਾਲਜਾਂ ਵਿੱਚ ਪੜਦੇ ਵਿੱਦਿਆਰਥੀ/ਵਿੱਦਿਆਰਥਣਾਂ ਜਿਹਨਾ ਦੀ ਵੋਟ ਨਹੀਂ ਬਣੀ ਅਤੇ ਉਹਨਾ ਦੀ ਉਮਰ ਮਿਤੀ 01.01.2017 ਨੂੰ 18 ਸਾਲ ਦੀ ਹੋ ਚੁੱਕੀ ਹੈ, ਦੇ ਨਾਮ ਵੋਟਰ ਸੂਚੀ ਦੇ ਵਿੱਚ ਰਜਿਸਟਰ ਕਰਨ ਲਈ ਆਨਲਾਈਨ ਵਿੱਧੀ (http://www.nvsp.in) ਪੋਰਟਲ ਤੇ ਮਿਤੀ 31.07.2017 ਤੱਕ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਕਿਸੇ ਵਿੱਦਿਆਰਥੀ ਦੀ ਵੋਟ ਬਣਾਉਣ ਤੋਂ ਰਹਿ ਜਾਂਦੀ ਹੈ ਇਸ ਦੀ ਜਿੰਮੇਵਾਰ ਸਬੰਧਤ ਸੰਸਥਾ ਦੀ ਹੋਵੇਗੀ। ਇਹ ਵੀ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਜਿਲ੍ਹੇ ਦੇ 18 ਤੋਂ 19 ਸਾਲ ਵਾਲੇ ਵੋਟਰਾਂ ਦੀ ਗਿਣਤੀ 60222 ਘੱਟ ਹੈ। ਇਸ ਲਈ ਇਸ ਸਮੇਂ ਦੌਰਾਨ ਇਸ ਗਰੁੱਪ ਦੇ ਵਿੱਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਕੇ ਇਸ ਗੈਪ ਨੂੰ ਦੂਰ ਕੀਤਾ ਜਾਣਾ ਹੈ।
3. ਪੀ.ਏ. ਟੂ. ਡੀ.ਸੀ. ਨੂੰ ਮਾਨਯੋਗ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।